# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ

E-Mail id: deose.bathinda@punjabeducation.gov.in

ਵੱਲ

ਸਮੂਹ ਸਕੂਲ ਮੁੱਖੀ ਸਹਿਬਾਨ,
ਜਿਲਾ ਬਠਿੰਡਾ।
ਪੱਤਰ ਨੰ. ਜੀ1/1()2022-23/ਵਿਦਿਅਕ ਟੂਰ/ 1916
ਮਿਤੀ ਬਠਿੰਡਾ 24.11.2022

ਵਿਸ਼ਾ : - ਵਿਦਿਅਕ ਟੂਰ ਤੇ ਜਾਣ ਵਾਲੇ ਵਿਦਿਆਰਥੀਆਂ ਦੀ ਸੁੱਰਖਿਆ ਸਬੰਧੀ ਦਿਸ਼ਾ ਨਿਰਦੇਸ਼।
ਹਵਾਲਾ: - ਦ.ਡਾਇ.ਜਨਰਲ.ਸਕੂਲ.ਸਿੱਖਿਆ ਦੇ ਮੀਮੋ ਨੰ.ਸਮੱਗਰਾ/ਪਲਾਨ/2022/305956 ਮਿਤੀ 23.11.2022

1.0 ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ) ਦਫਤਰ ਵੱਲੋ ਪਹਿਲਾ ਜਾਰੀ ਪੱਤਰ ਨੰ: ASPD/Plan/RMSA/2014/R00837-838 ਮਿਤੀ 11-08-2014 ਵਿੱਚ ਅੰਸ਼ਕ ਸੋਧ ਕਰਦੇ ਹੋਏ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਵਿੱਦਿਅਕ ਟੂਰ ਤੇ ਲਿਜਾਣ ਸਮੇਂ ਹੇਠ ਲਿਖਿਆ ਹਦਾਇਤਾ ਜਾਰੀ ਕੀਤੀਆ ਜਾਦੀਆ ਹਨ:-

- ਵਿਦਿਅਕ ਟੂਰ ਤੇ ਵਿਦਿਆਰਥੀਆਂ ਨੂੰ ਲਿਜਾਣ ਤੋਂ ਪਹਿਲਾਂ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.) ਬਠਿੰਡਾ ਤੋਂ ਪ੍ਰਵਾਨਗੀ ਲਈ ਜਾਵੇ ਅਤੇ ਸਕੂਲ ਮੁੱਖੀ ਵੱਲੋਂ ਵਿੱਦਿਅਕ ਟੂਰ ਤੇ ਜਾਣ ਦੇ ਚਾਹਵਾਨ ਵਿਦਿਆਰਥੀਆਂ ਦੇ ਮਾਤਾ ਪਿਤਾ ਸਰਪ੍ਰਸਤ ਵਲੋਂ ਲਿਖਤੀ ਰੂਪ ਵਿੱਚ ਸਹਿਮਤੀ ਲਈ ਜਾਵੇ।
- ਸਕੂਲ ਮੁੱਖੀ ਵੱਲੋਂ ਇਹ ਯਕੀਨੀ ਬਣਾਇਆ ਜਾਵੇ ਕਿ ਵਿੱਦਿਅਕ ਟੂਰ ਵਿਦਿਆਰਥੀਆਂ ਦੇ ਪਾਠਕ੍ਰਮ ਨਾਲ ਸਬੰਧਤ ਹੋਣ ਦੇ ਨਾਲ ਨਾਲ ਉਨ੍ਹਾ ਦੀ ਜਾਣਕਾਰੀ ਵਿੱਚ ਵਾਧਾ ਕਰਨ ਵਾਲਾ ਵੀ ਹੋਵੇ।
- ਵਿਦਿਆਕ ਟੂਰ ਤੇ ਜਾਣ ਵਾਲੇ ਹਰ ਵਿਦਿਆਰਥੀ ਕੋਲ ਪਹਿਚਾਣ ਪੱਤਰ ਹੋਣਾ ਜਰੂਰੀ ਹੈ ਅਤੇ ਸਕੂਲ ਮੁੱਖੀ ਵੱਲੋਂ ਇੱਕ ਪ੍ਰੋਫਾਰਮਾ ਤਿਆਰ ਕੀਤਾ ਜਾਵੇ ਜਿਸ ਵਿੱਚ ਵਿਦਿਆਰਥੀਆਂ ਦੇ ਪੂਰੇ ਵੇਰਵੇ ਜਿਵੇ ਕਿ ਮਾਤਾ ਪਿਤਾ ਦਾ ਨਾਂ, ਘਰ ਦਾ ਪਤਾ, ਮੋਬਾਇਲ ਨੰਬਰ ਅਤੇ ਈਮੇਲ ਆਦਿ ਲਿਖਿਆ ਹੋਵੇ ਅਤੇ ਇਸ ਵੇਰਵੇ ਦੀ ਇੱਕ ਕਾਪੀ ਵਿੱਦਿਅਕ ਟੂਰ ਤੇ ਜਾਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਕੋਲ ਵੀ ਹੋਵੇ।
- ਸਕੂਲ ਮੁੱਖੀ ਵੱਲੋਂ ਵਿਦਿਅਕ ਟੂਰ ਤੇ ਜਾਣ ਵਾਲੇ ਵਿਦਿਆਰਥੀਆਂ ਨਾਲ ਸਕੂਲ ਦੇ ਸੀਨੀਅਰ ਅਤੇ ਜਿੰਮੇਵਾਰ ਅਧਿਆਪਕ ਦੀ ਡਿਊਟੀ ਲਗਾਈ ਜਾਵੇ ਅਤੇ ਜੇਕਰ ਵਿੱਦਿਅਕ ਟੂਰ ਵਿੱਚ ਲੜਕੀਆਂ ਵੀ ਸ਼ਾਮਿਲ ਹਨ ਤਾਂ ਮਹਿਲਾਂ ਅਧਿਆਪਕਾਂ ਦਾ ਟੂਰ ਤੇ ਨਾਲ ਜਾਣਾ ਯਕੀਨੀ ਬਣਾਇਆ ਜਾਵੇ।
- ਜਿਨ੍ਹਾਂ ਵੀ ਵੇਖਣਯੋਗ ਸਥਾਨਾਂ ਤੇ ਵਿੱਦਿਅਕ ਟੂਰ ਲਿਜਾਇਆ ਜਾਣਾ ਹੈ, ਉਸ ਇਲਾਕੇ ਦੇ ਡਿਪਟੀ ਕਮਿਸ਼ਨਰ/ਮੈਜਿਸਟ੍ਰੇਟ/ਸਬੰਧਤ ਅਥਾਰਟੀ ਨੂੰ ਲਿਖਤੀ ਤੌਰ ਤੇ ਸੂਚਿਤ ਕੀਤਾ ਜਾਵੇ।
- ਵਿਦਿਅਕ ਟੂਰ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਤੋਂ ਸਵੈ ਘੋਸ਼ਣਾ ਲਈ ਜਾਵੇ ਕਿ ਉਹ ਟੂਰ ਲਈ ਬਣਾਏ ਗਏ ਨਿਯਮਾਂ ਦੇ ਪਾਬੰਦ ਰਹਿਣਗੇ।
- ਸਕੂਲ ਮੁੱਖੀ ਸਵੈ-ਘੋਸ਼ਣਾ ਦੇ ਰੂਪ ਵਿੱਚ ਇਹ ਤਸਦੀਕ ਕਰੇ ਕਿ ਵਿੱਦਿਅਕ ਟੂਰ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਅਮਰਜੈਂਸੀ ਦੌਰਾਨ ਹਰ ਤਰ੍ਹਾਂ ਦੀ ਲੋੜੀਦੀ ਮੱਦਦ ਮੁਹੱਈਆ ਕਰਵਾਈ ਜਾਵੇਗੀ।

2.0 ਵਿਦਿਆਰਥੀਆਂ ਦੀ ਸੁੱਰਖਿਆ ਨੂੰ ਮੁੱਖ ਰੱਖਦੇ ਹੋਏ ਉਕਤ ਹੁਕਮਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

3.0 ਜਿਲਾਂ ਪੱਧਰ ਤੇ ਪ੍ਰਵਾਨਗੀ ਲੈਣ ਲਈ ਉਕਤ ਅਨੁਸਾਰ ਕੇਸ 07 ਦਿਨ ਪਹਿਲਾਂ ਇਸ ਦਫਤਰ ਨੂੰ ਭੇਜਿਆ ਜਾਵੇ। ਜੇਕਰ ਸਕੂਲ ਮੁੱਖੀ ਬਿਨ੍ਹਾਂ ਪ੍ਰਵਾਨਗੀ ਲਏ ਟੂਰ ਤੇ ਜਾਂਦੇ ਹਨ ਤਾਂ ਇਸ ਸਬੰਧੀ ਸਕੂਲ ਮੁੱਖੀ ਖੁੱਦ ਜਿੰਮੇਵਾਰ ਹੋਣਗੇ।

24/11/22

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ